2012
21/9/2018

# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ


ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221


ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿੱ.),
ਸਬੰਧਤ ਸਕੂਲ ਮੁੱਖੀ (ਵੈਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ: SCERT/A1/UP/201843544
ਮਿਤੀ:- 21-9-18

**ਵਿਸ਼ਾ :-** ਵੱਖ ਵੱਖ ਵਿਸ਼ਿਆਂ ਦੇ ਸਟੇਟ ਰਿਸੋਰਸ ਗਰੁੱਪ ਮੈਂਬਰਾਂ ਦੇ ਪੀਰੀਅਡ adjust ਕਰਨ ਸਬੰਧੀ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਿੱਖਿਆ ਵਿਭਾਗ ਵੱਲੋਂ ਵੱਖ ਵੱਖ ਵਿਸ਼ਿਆਂ ਦੇ ਗੁਣਾਤਮਕ ਸੁਧਾਰ ਕਰਨ ਲਈ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਵੱਖ ਵੱਖ ਵਿਸ਼ਿਆਂ ਦੇ ਆਪਣੇ ਵਿਸ਼ਿਆ ਦੇ ਮਾਹਿਰ ਅਧਿਆਪਕ ਬਤੌਰ ਸਟੇਟ ਰਿਸੋਰਸ ਗਰੁੱਪ ਦੇ ਮੈਂਬਰ ਵੱਜੋ ਅਧਿਆਪਨ ਅਧਿਆਪਕ ਟੀਚਰ ਟ੍ਰੇਨਿੰਗ ਮਡਿਊਲ ਅਤੇ ਵਿਦਿਆਰਥੀਆਂ ਲਈ ਸਪਲੀਮੈਂਟਰੀ ਮਟੀਰੀਅਲ ਦਾ ਵਿਸ਼ਾ ਵਸਤੂ (content develop) ਤਿਆਰ ਕਰਨ ਦਾ ਅਹਿਮ ਕੰਮ ਕਰ ਰਹੇ ਹਨ। ਇਸ ਕੰਮ ਲਈ ਸਮੇਂ ਸਮੇਂ ਸਿਰ ਹੈਡ ਆਫਿਸ ਵੱਲੋਂ ਵਰਕਸ਼ਾਪ ਆਯੋਜਿਤ ਕੀਤੀਆਂ ਜਾਂਦੀਆ ਹਨ ਅਤੇ ਉਹਨਾਂ ਨੂੰ ਦਫਤਰ ਡੀ.ਜੀ.ਐਸ.ਈ./ਐਸ.ਸੀ.ਈ.ਆਰ.ਟੀ ਵਿਖੇ ਬੁਲਾਇਆ ਜਾਂਦਾ ਹੈ ।
3. ਪਰ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਮੁੱਖੀਆਂ ਵਲੋਂ ਇਹਨਾਂ ਸਾਰੇ ਸਟੇਟ ਰਿਸੋਰਸ ਗਰੁੱਪ ਮੈਂਬਰਾਂ ਦੇ ਪੀਰੀਅਡਾਂ ਦੀ ਐਡਜਸਟਮੈਂਟ ਨਹੀਂ ਕੀਤੀ ਜਾਂਦੀ ਜਿਸ ਨਾਲ ਉਹਨਾਂ ਦੇ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਨੁਕਸਾਨ ਹੋ ਜਾਂਦਾ ਹੈ।
4. ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਉਹ ਸਾਰੇ ਵਿਸ਼ਿਆਂ ਦੇ ਸਮੂਹ ਸਟੇਟ ਰਿਸੋਰਸ ਗਰੁੱਪ ਦੇ ਮੈਂਬਰਾਂ ਦੇ, ਜਦੋਂ ਉਹਨਾਂ ਨੂੰ ਵਿਸ਼ਾ ਵਸਤੂ ਵਿਕਸਿਤ ਲਈ ਹੈਡਆਫਿਸ ਵਿਖੇ ਵਰਕਸ਼ਾਪ ਲਈ ਬੁਲਾਇਆ ਜਾਂਦਾ ਹੈ ਜਾਂ ਟ੍ਰੇਨਿੰਗ ਦੇਣ ਲਈ ਬਤੌਰ ਜਿਲ੍ਹਾਂ ਰਿਸੋਰਸ ਪਰਸਨ ਡਿਊਟੀ ਤੇ ਜਾਂਦੇ ਹਨ, ਵਿਸ਼ਿਆਂ ਦੇ ਪੀਰੀਅਡਾਂ ਦੀ ਲਿਖਤੀ ਤੌਰ ਤੇ ਟਾਈਮ ਟੇਬਲ ਐਡਜਸਮੈਂਟ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਦਾ ਨੁਕਸਾਨ ਨਾ ਹੋਵੇ।ਅਣਗਹਿਲੀ ਦੀ ਸੂਰਤ ਵਿੱਚ ਸਕੂਲ ਮੁੱਖੀ ਜਿੰਮੇਵਾਰ ਹੋਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਹਾਇਕ ਡਿਪਟੀ ਡਾਇਰੈਕਟਰ ਟ੍ਰੇਨਿੰਗ
ਐਸ.ਸੀ.ਈ.ਆਰ.ਟੀ, ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸ) ਬਠਿੰਡਾ।

ਪੱਤਰ ਨੰ: ਡੀ.ਈ.ਓ.(ਸ) 2018/ਟਰੇਨਿੰਗ ਸੈੱਲ/503 ਮਿਤੀ: 25/9/18

ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਕਰਦੇ ਹੀ ਉਹਨਾਂ ਦੇ ਸਕੂਲ ਤੇ ਜਿਸ ਕਰਮਚਾਰੀ ਦੀ ਡਿਊਟੀ ਬਤੌਰ ਮੈਂਬਰ ਸਟੇਟ ਰਿਸੋਰਸ ਗਰੁੱਪ ਵਜੋਂ ਲਗਾਈ ਹੈ ਤਾਂ ਉਸ ਕਰਮਚਾਰੀ ਦੇ ਪੀਰੀਅਡਾਂ ਦੀ ਐਡਜਸਟਮੈਂਟ ਲਾਜਮੀ ਤੌਰ ਤੇ ਕੀਤੀ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ।

Scanned by CamScanner